ਪੰਜਾਬ ਸਰਕਾਰ

ਮਾਲ ਤੇ ਪੁਨਰਵਾਸ ਵਿਭਾਗ

(ਮਾਲ ਅਮਲਾ-1 ਸਾਖਾ)

**ਹੁਕਮ**

ਵਿਭਾਗ ਦੇ ਹੁਕਮ ਮਿਤੀ 07.04.2021 ਜੋ ਕਿ ਪਿੱਠ ਅੰਕਣ ਨੰਬਰ 03/01/2021-ਮ.ਅ.1(1)/4046, ਮਿਤੀ 07-04-2021 ਰਾਹੀਂ ਜਾਰੀ ਹੋਏ ਸਨ, ਰਾਹੀ ਸ੍ਰੀ ਚੇਤਨ ਬੰਗੜ, ਤਹਿਸੀਲਦਾਰ ਬਲਾਚੋਰ ਨੂੰ ਸ੍ਰੀ ਸੁਸ਼ੀਲ ਕੁਮਾਰ ਸਰਮਾ, ਤਹਿਸੀਲਦਾਰ, ਚਮਕੋਰ ਸਹਿਬ ਦੀ ਥਾਂ ਤੇ ਤੈਨਾਤ ਕੀਤਾ ਗਿਆ ਸੀ ਅਤੇ ਸ੍ਰੀ ਸੁਸ਼ੀਲ ਕੁਮਾਰ ਸਰਮਾ, ਤਹਿਸੀਲਦਾਰ ਦੀ ਤੈਨਾਤੀ ਕਿਸੇ ਵੀ ਸਟੇਸਨ ਤੇ ਨਾ ਕਰਨ ਕਰਕੇ ਇਹ ਅਧਿਕਾਰੀ ਤੈਨਾਤੀ ਲਈ ਉਪਲਬਧ ਹੋ ਗਿਆ ਸੀ। ਇਸ ਤੋਂ ਬਾਅਦ ਵਿਭਾਗ ਦੇ ਹੁਕਮ ਮਿਤੀਃ 04.05.2021 ਜੋ ਕਿ ਪਿੱਠ ਅੰਕਣ ਨੰਬਰ 03/01/2021-ਮ.ਅ.1(1)/4773, ਮਿਤੀ 04-05-2021 ਰਾਹੀਂ ਜਾਰੀ ਹੋਏ ਸਨ, ਰਾਹੀਂ ਅਧਿਕਾਰੀ ਨੂੰ ਭਿੱਖੀਵਿੰਡ ਵਿਖੇ ਤੈਨਾਤ ਕੀਤਾ ਗਿਆ ਸੀ। ਪ੍ਰੰਤੂ ਅਧਿਕਾਰੀ ਵੱਲੋਂ ਇੰਨਾਂ ਹੁਕਮਾਂ ਦੀ ਪਾਲਣਾ ਵਿੱਚ ਭਿੱਖੀਵਿੰਡ ਵਿਖੇ ਜੁਆਇੰਨ ਨਹੀਂ ਕੀਤਾ ਗਿਆ ਅਤੇ ਉਸਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਸਿਵਲ ਰਿੱਟ ਪਟੀਸਨ 11596 ਆਫ 2021 ਦਾਇਰ ਕਰ ਦਿੱਤੀ ਗਈ। ਇਸ ਪਟੀਸ਼ਨ ਵਿੱਚ ਉਸਨੇਂ ਬੇਨਤੀ ਕੀਤੀ ਕਿ ਉਸ ਵਲੋਂ ਵਿਭਾਗ ਵਿੱਚ ਮਿਤੀ 26.04.2021 ਰਾਹੀਂ ਇੱਕ ਪ੍ਰਤੀ ਬੇਨਤੀ ਰਾਹੀਂ ਲਿਖਿਆ ਕਿ ਉਹ Hearing Impairment (Hearing Handicapped) ਹੈ ਅਤੇ ਕੁਝ ਦਿਨ ਪਹਿਲਾ ਕਰੋਨਾ ਪੋਜਟਿਵ ਰਹਿਣ ਅਤੇ Diabetes ਦਾ ਮਰੀਜ ਹੋਣ ਕਰਕੇ ਉਸਨੂੰ ਚੰਡੀਗੜ੍ਹ ਜਾਂ ਨੇੜੇ-ਤੇੜੇ ਖਾਲੀ ਸਟੇਸਨ ਤੇ ਤੈਨਾਤ ਕੀਤਾ ਜਾਵੇ। ਅਧਿਕਾਰੀ ਵੱਲੋਂ ਦਾਇਰ ਪਟੀਸਨ ਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵੱਲੋ ਮਿਤੀ 06.07.2021 ਰਾਹੀਂ ਹੇਠ ਅਨੁਸਾਰ ਹੁਕਮ ਕੀਤੇ ਸਨਃ-

"In view of the consensus arrived at between both sides, but without going into the merits of the controversy, this writ petition is disposed off with a direction to respondent no. 2 to consider and decide the aforesaid representation dated 26.04.2021 in accordance with law by passing a speaking order preferably within a period of 02 (two) weeks from today."

3. ਅਧਿਕਾਰੀ ਦੀ ਪ੍ਰਤੀ ਬੇਨਤੀ ਵਿਭਾਗ ਵਿੱਚ ਮਿਤੀ 04.05.2021 ਨੂੰ ਪ੍ਰਾਪਤ ਹੋਈ ਸੀ ਅਤੇ ਵਿਭਾਗ ਦੇ ਹੁਕਮ ਮਿਤੀ 04.05.2021 ਜੋ ਕਿ ਪਿੱਠ ਅੰਕਣ ਨੰਬਰ 03/01/2021-ਮ.ਅ.1(1)/4773, ਮਿਤੀ 04-05-2021 ਰਾਹੀਂ ਜਾਰੀ ਹੋਏ ਸਨ, ਰਾਹੀਂ ਭਿੱਖਵਿੰਡ ਵਿਖੇ ਤੈਨਾਤ ਕੀਤਾ ਜਾ ਚੁੱਕਾ ਸੀ ਪ੍ਰੰਤੂ ਅਧਿਕਾਰੀ ਵੱਲੋ ਭਿੱਖੀਵਿੰਡ ਵਿਖੇ ਜੁਆਇੰਨ ਨਹੀਂ ਕੀਤਾ ਗਿਆ। ਇਸ ਕਰਕੇ ਅਦਾਲਤ ਵੱਲੋ ਕੀਤੇ ਹੁਕਮਾਂ ਦੀ ਪਾਲਣਾ ਵਿੱਚ ਵਿਭਾਗ ਦੀ ਸਮਰੱਥ ਅਥਾਰਟੀ ਵੱਲੋਂ ਸ੍ਰੀ ਸੁਸ਼ੀਲ ਕੁਮਾਰ ਸਰਮਾ, ਤਹਿਸੀਲਦਾਰ ਨੂੰ ਉਸਦੀ ਪ੍ਰਤੀ ਬੇਨਤੀ ਮਿਤੀ 26-04-2021 ਦੇ ਸਨਮੁੱਖ ਚੰਡੀਗੜ੍ਹ ਦੇ ਨੇੜੇ ਤਹਿਸੀਲਦਾਰ ਆਨ ਸਪੈਸਲ ਡਿਊਟੀ (TOSD), ਪਟਿਆਲਾ, ਦਫਤਰ ਮੰਡਲ, ਕਮਿਸਨਰ, ਪਟਿਆਲਾ ਵਿਖੇ ਤੈਨਾਤ ਕਰਨ ਦਾ ਫੈਸਲਾ ਲਿਆ ਗਿਆ ਹੈ।

4. ਇਸ ਤਰਾਂ ਸਮਰੱਥ ਅਥਾਰਟੀ ਦੇ ਫੈਸਲੇ ਅਨੁਸਾਰ ਸ੍ਰੀ ਸੁਸ਼ੀਲ ਕੁਮਾਰ ਸਰਮਾ, ਤਹਿਸੀਲਦਾਰ ਨੂੰ , ਤਹਿਸੀਲਦਾਰ ਆਨ ਸਪੈਸਲ ਡਿਊਟੀ, ਪਟਿਆਲਾ ਦਫਤਰ ਮੰਡਲ ਕਮਿਸਨਰ, ਪਟਿਆਲਾ ਵਿਖੇ ਤੈਨਾਤ ਕੀਤਾ ਜਾਂਦਾ ਹੈ।

ਚੰਡੀਗੜ੍ਹ, ਮਿਤੀ
18.08.2021

ਰਵਨੀਤ ਕੌਰ
ਵਧੀਕ ਮੁੱਖ ਸਕੱਤਰ
-ਕਮ- ਵਿੱਤੀ ਕਮਿਸਨਰ, ਮਾਲ

ਪਿੱਠ ਅੰਕਣ ਨੰਬਰ Revenu-RE-1014/2021-RE-1/8092-99 ਚੰਡੀਗੜ੍ਹ, ਮਿਤੀਃ 18/08/2021

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਹੈਃ-

1. ਨਿੱਜੀ ਸਕੱਤਰ/ਮਾਲ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਵਧੀਕ ਮੁੱਖ ਸਕੱਤਰ, ਮਾਲ।
3. ਨਿੱਜੀ ਸਕੱਤਰ/ਵਧੀਕ ਸਕੱਤਰ, ਮਾਲ ਪੰਜਾਬ।
4. ਨਿੱਜੀ ਸਹਾਇਕ/ਅਧੀਨ ਸਕੱਤਰ ਮਾਲ (ਰ)
5. ਮੰਡਲ ਕਮਿਸਨਰ, ਮੰਡਲ ਪਟਿਆਲਾ।
6. ਡਿਪਟੀ ਕਮਿਸਨਰ, ਤਰਨ ਤਾਰਨ।
7. ਸ੍ਰੀ ਸੁਸ਼ੀਲ ਕੁਮਾਰ ਸਰਮਾ, ਤਹਿਸੀਲਦਾਰ।
8. ਪ੍ਰੋਜੇਕਟ ਮੈਨੇਜਰ/ਪੰਜਾਬ ਲੈਂਡ ਰਿਕਾਰਡ ਸੋਸਾਇਟੀ, ਕਮਰਾ ਨੰਬਰ 16, ਚੌਥੀ ਮੰਜਿਲ, ਸਿਵਲ ਸਕੱਤਰੇਤ, ਪੰਜਾਬ ਚੰਡੀਗੜ੍ਹ, (ਮਾਲ ਵਿਭਾਗ ਦੀ ਵੈਬ ਸਾਈਟ ਤੇ ਅੱਪ ਲੋਡ ਕਰਨ ਲਈ)।

ਸੁਪਰਡੰਟ ਗ੍ਰੇਡ-1